OIDO ਆਫਿਸ ਔਫ਼ ਦਿ ਇਮੀਗ੍ਰੇਸ਼ਨ ਡਿਟੈਂਸ਼ਨ ਓਮਬਡਸਮੈਨ (OIDO)

# ਮਦਦ ਚਾਹੀਦੀ ਹੈ?

**ਆਫਿਸ ਔਫ਼ ਦਿ ਇਮੀਗ੍ਰੇਸ਼ਨ ਡਿਟੈਂਸ਼ਨ ਓਮਬਡਸਮੈਨ (OIDO) ਇੱਕ ਸੁਤੰਤਰ ਅਤੇ ਨਿਰਪੱਖ ਦਫ਼ਤਰ ਹੈ–ICE ਅਤੇ CBP ਤੋਂ ਵੱਖ–ਜੋ ਕਿ ਅਮਰੀਕੀ ਇਮੀਗ੍ਰੇਸ਼ਨ ਹਿਰਾਸਤ ਅਤੇ ਨਜ਼ਰਬੰਦੀ ਵਿੱਚ ਰੱਖੇ ਗਏ ਸਾਰੇ ਵਿਅਕਤੀਆਂ ਲਈ ਸੁਹਿਰਦਤਾ ਪੂਰਨ ਵਿਵਹਾਰ ਅਤੇ ਸੁਰੱਖਿਅਤ ਰਹਿਣ ਦੀਆਂ ਸਥਿਤੀਆਂ ਪ੍ਰਦਾਨ ਕਰਨ ਲਈ ਵਚਨਬੱਧ ਹੈ।**

ਜੇਕਰ ਤੁਸੀਂ ਇਮੀਗ੍ਰੇਸ਼ਨ ਨਜ਼ਰਬੰਦੀ ਦੌਰਾਨ ਮਾੜੇ ਵਿਵਹਾਰ ਜਾਂ ਹਾਲਾਤ ਦਾ ਅਨੁਭਵ ਕੀਤਾ ਹੈ, ਤਾਂ OIDO ਜਾਣਨਾ ਚਾਹੇਗਾ। ਤੁਸੀਂ ਕਿਸੇ ਵੀ ਮੁੱਦੇ—ਜਿਵੇਂ ਕਿ ਦੁਰਵਿਵਹਾਰ, ਨਾਕਾਫ਼ੀ ਭੋਜਨ ਜਾਂ ਡਾਕਟਰੀ ਇਲਾਜ, ਜਾਂ ਰਹਿਣ-ਸਹਿਣ ਦੀਆਂ ਮਾੜੀਆਂ ਜਾਂ ਅਸੁਰੱਖਿਅਤ ਸਥਿਤੀਆਂ ਬਾਰੇ ਰਿਪੋਰਟ ਕਰ ਸਕਦੇ ਹੋ। ਤੁਸੀਂ OIDO ਨੂੰ ਕਿਸੇ ਹੋਰ ਮਾੜੇ ਦਰਜੇ ਦੀਆਂ ਸਥਿਤੀਆਂ ਜਾਂ ਨੀਤੀਆਂ ਜਾਂ ਮਿਆਰਾਂ ਦੀ ਸ਼ੱਕੀ ਉਲੰਘਣਾ ਬਾਰੇ ਵੀ ਪੁੱਛ ਸਕਦੇ ਹੋ।

**ਸਰੀਰਕ, ਮਾਨਸਿਕ, ਜਾਂ ਭਾਵਨਾਤਮਕ ਦੁਰਵਿਵਹਾਰ**

**ਨਾਕਾਫ਼ੀ ਭੋਜਨ ਜਾਂ ਡਾਕਟਰੀ ਇਲਾਜ**

**ਰਹਿਣ-ਸਹਿਣ ਦੀਆਂ ਮਾੜੀਆਂ ਜਾਂ ਅਸੁਰੱਖਿਅਤ ਸਥਿਤੀਆਂ**

OIDO ਕੋਲ ਦਾਇਰ ਕੀਤੀਆਂ ਸ਼ਿਕਾਇਤਾਂ ਗੁਪਤ ਹੁੰਦੀਆਂ ਹਨ, ਅਤੇ ਕੇਸ ਮੈਨੇਜਰ ਤੁਹਾਡੀ ਰਜ਼ਾਮੰਦੀ ਤੋਂ ਬਿਨਾਂ ਤੁਹਾਡੇ ਕੇਸ ਬਾਰੇ ਕੋਈ ਵੀ ਜਾਣਕਾਰੀ ਪ੍ਰਗਟ ਨਹੀਂ ਕਰਨਗੇ। ਕਿਸੇ OIDO ਕੇਸ ਮੈਨੇਜਰ ਨਾਲ ਗੱਲ ਕਰਨ ਜਾਂ ਸ਼ਿਕਾਇਤ ਦਰਜ ਕਰਨ ਨਾਲ ਤੁਹਾਡੇ ਇਮੀਗ੍ਰੇਸ਼ਨ ਕੇਸ ਜਾਂ ਨਜ਼ਰਬੰਦੀ ਸਥਿਤੀ ‘ਤੇ ਕੋਈ ਅਸਰ ਨਹੀਂ ਪਵੇਗਾ।

OIDO ਸਿਖਲਾਈ ਪ੍ਰਾਪਤ ਕੇਸ ਮੈਨੇਜਰਾਂ, ਇੰਸਪੈਕਟਰਾਂ, ਅਤੇ ਆਡੀਟਰਾਂ ਨੂੰ ਨਿਯੁਕਤ ਕਰਦਾ ਹੈ ਜੋ ਸ਼ਿਕਾਇਤਾਂ ਨੂੰ ਹੱਲ ਕਰਨ ਅਤੇ ਸਾਰੇ ਨਜ਼ਰਬੰਦ ਵਿਅਕਤੀਆਂ ਦੀਆਂ ਸਥਿਤੀਆਂ ਨੂੰ ਸੁਧਾਰਨ ਲਈ ਕੰਮ ਕਰਦੇ ਹਨ।

ਸ਼ਿਕਾਇਤ ਫਾਰਮ ਜਮ੍ਹਾਂ ਕਰਾਉਣ ਲਈ dhs.gov/OIDO ‘ਤੇ ਜਾਓ। ਹਿਦਾਇਤਾਂ ਲਈ ਇਸ ਕੋਡ ਨੂੰ ਸਕੈਨ ਕਰੋ।

OIDO ਡਿਪਾਰਟਮੈਂਟ ਔਫ਼ ਹੋਮਲੈਂਡ ਸਿਕਿਓਰਿਟੀ (ਹੋਮਲੈਂਡ ਸੁਰੱਖਿਆ ਵਿਭਾਗ) ਦੇ ਅੰਦਰ ਇੱਕ ਸੁਤੰਤਰ ਦਫ਼ਤਰ ਹੈ।

www.dhs.gov/OIDO